ਡਾਇਰੈਕਟੋਰੇਟ
ਸਿਹਤ ਤੇ ਪਰਿਵਾਰ ਭਲਾਈ ਪੰਜਾਬ
(ਅਮਲਾ-3 ਸ਼ਾਖਾ)

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਸਿਵਲ ਸਰਜਨ ।
2. ਮੈਡੀਕਲ ਸੁਪਰਡੰਟ, ਸਿਵਲ ਹਸਪਤਾਲ, ਜਲੰਧਰ ਅਤੇ ਮਾਤਾ ਕਸ਼ੱਲਿਆ ਹਸਪਤਾਲ, ਪਟਿਆਲਾ/ਡਿਪਟੀ ਮੈਡੀਕਲ ਸੁਪਰਡੰਟ ।
3. ਮੈਡੀਕਲ ਸੁਪਰਡੰਟ, ਈ.ਐਸ.ਆਈ.ਹਸਪਤਾਲ, ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ।
4. ਪ੍ਰਿੰਸੀਪਲ, ਰਾਜ ਸਿਹਤ ਤੇ ਪਰਿਵਾਰ ਭਲਾਈ ਸਿਖਲਾਈ ਕੇਂਦਰ, ਮੁਹਾਲੀ ।
5. ਮੁੱਖ ਕੈਮੀਕਲ ਐਗਜ਼ਾਮੀਨਰ, ਪੰਜਾਬ ਸਰਕਾਰ, ਖਰੜ ਜਿਲ੍ਹਾ ਮੁਹਾਲੀ ।
6. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ, ਫਰੀਦਕੋਟ ਅਤੇ ਪਟਿਆਲਾ।
7. ਪ੍ਰਿੰਸੀਪਲ, ਬੀ.ਬੀ.ਐਮ.ਬੀ.ਹਸਪਤਾਲ, ਸੁੰਦਰ ਨਗਰ, ਤਲਵਾੜਾ ਅਤੇ ਨੰਗਲ ।
8. ਸੀਨੀਅਰ ਮੈਡੀਕਲ ਅਫਸਰ, ਈ.ਐਸ.ਆਈ.ਹਸਪਤਾਲ, ਮੁਹਾਲੀ ਅਤੇ ਮੰਡੀ ਗੋਬਿੰਦਗੜ੍ਹ

ਮੀਮੋ ਨੰਬਰ ਈ-3(1)-ਪੰ:2016/ 6146-85
ਮਿਤੀ, ਚੰਡੀਗੜ੍ਹ: 09-8-16

ਵਿਸ਼ਾ : ਸਿਹਤ ਵਿਭਾਗ ਵਿੱਚ ਸੀਨੀਅਰ ਮੈਡੀਕਲ ਅਫਸਰਾਂ ਦੀ ਸੀਨੀਆਰਤਾ ਸੂਚੀ ਜਾਰੀ ਕਰਨ ਬਾਰੇ ।

ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਇਸ ਦਫਤਰ ਦੇ ਪੱਤਰ ਨੰ: ਈ3(1)ਪੰ:16/2605-45 ਮਿਤੀ 04.04.2016 ਵੱਲ ਦੁਆਇਆ ਜਾਂਦਾ ਹੈ।

2 ਸਿਹਤ ਵਿਭਾਗ ਵਿੱਚ ਵੱਖ-ਵੱਖ ਮਿਤੀਆਂ ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਦੁਆਰਾ ਪਦ-ਉਨਤ ਹੋਏ ਸੀਨੀਅਰ ਮੈਡੀਕਲ ਅਫਸਰਾਂ ਦੀ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਹਵਾਲੇ ਅਧੀਨ ਪੱਤਰ ਰਾਹੀਂ ਸਰਕੂਲੇਟ ਕਰਦੇ ਹੋਏ ਵਿਭਾਗ ਦੀ ਵੈੱਬਸਾਈਟ ਤੇ ਪਾਈ ਗਈ ਸੀ ਅਤੇ ਇਸ ਸਬੰਧ ਵਿਚ ਜੇਕਰ ਕਿਸੇ ਡਾਕਟਰ ਨੂੰ ਕੋਈ ਇਤਰਾਜ ਹੋਵੇ ਤਾਂ 15 ਦਿਨਾਂ ਦੇ ਅੰਦਰ ਅੰਦਰ ਹਰ ਹਾਲਤ ਵਿਚ ਦਸਤਾਵੇਜੀ ਸਬੂਤਾਂ ਸਮੇਤ ਇਸ ਦਫਤਰ ਨੂੰ ਭੇਜਣ ਲਈ ਲਿਖਿਆ ਗਿਆ ਸੀ। ਡਾਕਟਰਾਂ ਪਾਸੋ ਪ੍ਰਾਪਤ ਹੋਏ ਇਤਰਾਜ ਇਸ ਦਫਤਰ ਵੱਲੋਂ ਵਿਚਾਰੇ ਜਾ ਚੁੱਕੇ ਹਨ।

3. ਸਰਕਾਰ ਵੱਲੋਂ ਪਿੱਠ ਅੰਕਣ ਨੰ: 1/24416-3ਸਿ1/3335 ਮਿਤੀ 13-05-2016, ਪਿੱਠ ਅੰਕਣ ਨੰ: 1/24/16-3ਸਿ1/3714 ਮਿਤੀ 31-05-2016 ਅਤੇ ਪਿੱਠ ਅੰਕਣ ਨੰ: 1/52/16-3ਸਿ1/3963 ਮਿਤੀ 30-06-2016 ਰਾਹੀਂ ਮੈਡੀਕਲ ਅਫਸਰਾਂ ਤੋਂ ਬਤੌਰ ਸੀਨੀਅਰ ਮੈਡੀਕਲ ਅਫਸਰ ਹੋਰ ਤਰੱਕੀਆਂ ਕੀਤੀਆਂ ਗਈਆਂ ਹਨ। ਇਸ ਲਈ ਇਨ੍ਹਾਂ ਡਾਕਟਰਾਂ ਦੇ ਨਾਮ ਵੀ ਸੀਨੀਆਰਤਾ ਸੂਚੀ ਵਿਚ ਬਣਦੀ ਥਾਂ ਤੇ ਲੜੀ ਨੰ: 398 ਤੋਂ 432 ਤੱਕ ਸ਼ਾਮਲ ਕੀਤੇ ਗਏ ਹਨ। ਇਸ ਲਈ ਇਹ ਪ੍ਰੋਵੀਜਨਲ ਸੀਨੀਆਰਤਾ ਸੂਚੀ ਆਪ ਅਧੀਨ ਕੰਮ ਕਰਦੇ ਇਨ੍ਹਾਂ ਡਾਕਟਰਾਂ ਨੂੰ ਵੀ ਨੋਟ ਕਰਵਾ ਦਿੱਤੀ ਜਾਵੇ ਅਤੇ ਇਸ ਸਬੰਧ ਵਿਚ

ਇਤਰਾਜ (ਜੇਕਰ ਕੋਈ ਹੋਵੇ) ਦਸਤਾਵੇਜੀ ਸਬੂਤਾਂ ਸਹਿਤ ਇੱਕ ਹਫਤੇ ਦੇ ਅੰਦਰ ਅੰਦਰ ਇਸ ਦਫਤਰ ਨੂੰ ਭੇਜੇ ਜਾਣ। ਇਹ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਸਿਹਤ ਵਿਭਾਗ ਦੀ ਵੈਬ ਸਾਈਟ ਤੇ ਅਪਲੋਡ ਕਰਵਾ ਦਿੱਤੀ ਗਈ ਹੈ ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ

ਪਿਠ ਅੰਕਣ ਨੰਬਰ ਈ-3(1)-ਪੰ:2016/ 6186-6205 ਮਿਤੀ, ਚੰਡੀਗੜ੍ਹ: 09-8-16 9/8/16

ਉਤਾਰਾ ਹੇਠ ਲਿਖਿਆਂ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰ: ਈ3(1)ਪੰ:2016/2646-66 ਮਿਤੀ 04.04.2016 ਦੇ ਹਵਾਲੇ ਵਿਚ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1 ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ-1 ਸ਼ਾਖਾ) ਚੰਡੀਗੜ੍ਹ।

2 ਡਾਇਰੈਕਟਰ, ਸਿਹਤ ਸੇਵਾਵਾਂ (ਪਭ) ਪੰਜਾਬ , ਚੰਡੀਗੜ੍ਹ ।

3 ਡਾਇਰੈਕਟਰ, ਸਿਹਤ ਸੇਵਾਵਾਂ (ਸਬ) ਪੰਜਾਬ, ਚੰਡੀਗੜ੍ਹ ।

4 ਡਾਇਰੈਕਟਰ, ਸਿਹਤ ਸੇਵਾਵਾਂ, ਚੰਡੀਗੜ੍ਹ ਪ੍ਰਸਾਸ਼ਨ ਚੰਡੀਗੜ੍ਹ ।

5 ਡਿਪਟੀ ਡਾਇਰੈਕਟਰ (ਅੰਕੜਾ) ਦਫਤਰ ਡੀ.ਐਚ.ਐਸ. ਪੰਜਾਬ ਨੂੰ ਉਕਤ ਪ੍ਰੋਵੀਜਨਲ ਸੀਨੀਆਰਤਾ ਸੂਚੀ ਦੀ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਨੂੰ ਸਿਹਤ ਵਿਭਾਗੀ ਦੀ ਵੈਬ ਸਾਈਟ ਤੇ ਅਪਲੋਡ ਕਰਵਾਇਆ ਜਾਵੇ।

6 ਡਾਇਰੈਕਟੋਰੇਟ ਸਿਹਤ ਵਿਖੇ ਕੰਮ ਕਰਦੇ ਸੀਨੀਅਰ ਮੈਡੀਕਲ ਅਫਸਰ ਰੈਂਕ ਦੇ ਸਮੂਹ ਅਧਿਕਾਰੀ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ